This question paper contains 3 printed pages]

*Your Roll No.*...............

**5325**

**B.A. (PROGRAMME)/I** **A**

**(L)**

PUNJABI DISCIPLINE—Paper I

**(Compulsory)**

(Essay, Novel and Functional Punjabi etc.)

(Admissions of 2004/2006 and after in respect of the students of regular colleges/NCWEB)

*Time* : 3 *Hours* *Maximum Marks* : 75

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*(Write your Roll No. on the top immediately on receipt of this question paper.)*

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. 'ਪਵਿੱਤਰ ਪਾਪੀ' ਨਾਵਲ ਦੀ ਸਾਹਿਤਕ-ਅਲੋਚਨਾ ਲਿਖੋ ।

ਜਾਂ

'ਪਵਿੱਤਰ ਪਾਪੀ' ਨਾਵਲ ਦੀ ਪਾਤਰ ਉਸਾਰੀ ਕਲਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ । 15

2. 'ਸਿਖਿਆ ਤੇ ਸਮਾਜ' ਵਿਚ ਪੇਸ਼ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ ।

ਜਾਂ

ਪ੍ਰੀਤਮ ਸਿੰਘ ਦੇ ਲੇਖ 'ਸਦਾਚਾਰ ਦੇ ਮਤ' ਵਿਚ ਕਿਹੜੇ ਪ੍ਰਮੁੱਖ ਮਤਾਂ ਬਾਰੇ ਗਲ ਕੀਤੀ ਗਈ ਹੈ ? ਵਿਸਤਾਰ ਨਾਲ ਲਿਖੋ । 15

3. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਪਰ ਪੈਰਾ ਲਿਖੋ :

(*i*) ਹੋਸ਼ਾਂ ਨਾਲੋਂ ਮਸਤੀ ਚੰਗੀ, ਰੱਖਦੀ ਸਦਾ ਟਿਕਾਣੇ;

(*ii*) ਬੱਚਤ ਦੇ ਲਾਭ;

(*iii*) ਚੰਗੇ ਨਾਗਰਿਕ ਦੇ ਗੁਣ । 10

4. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ : 10

"ਮਿੱਤਰਤਾ ਹੀ ਜ਼ਿੰਦਗੀ ਦੀ ਉਚਾਈ ਦਾ ਨਾਪ ਹੈ । ਮਿੱਤਰ ਬਣਨ ਲਈ ਬੜੀਆਂ ਕੋਮਲ ਸਿਫ਼ਤਾਂ ਚਾਹੀਦੀਆਂ ਹਨ । ਮਿੱਤਰਤਾ ਜ਼ਿੰਦਗੀ ਦਾ ਅਤਿ ਸੋਹਣਾ ਦ੍ਰਿਸ਼ ਹੈ । ਮਿੱਤਰ ਲਈ ਕੁਰਬਾਨ ਹੋ ਜਾਣ ਨਾਲੋਂ ਪ੍ਰੇਰਨਾ-ਭਰੀ, ਮਨ ਸ਼ੁੱਧ ਕਰਨ ਵਾਲੀ ਘਟਨਾ ਘੱਟ ਹੀ ਕੋਈ ਹੋਰ ਖ਼ਿਆਲ ਕੀਤੀ ਜਾ ਸਕਦੀ ਹੈ । ਗਾਹਕ ਨੂੰ ਮਿੱਤਰ ਬਣਾਓ, ਮਾਤਹਿਤ ਨੂੰ ਮਿੱਤਰ ਬਣਾਉ, ਗੁਆਂਢੀ ਨੂੰ ਮਿੱਤਰ ਬਣਾਉ । ਜਿਸ ਨਾਲ ਤੁਹਾਡਾ ਵਾਹ ਪੈਂਦਾ ਹੈ, ਜਦ ਤਕ ਤੁਸੀਂ ਉਸ ਨੂੰ ਆਪਣਾ ਮਿੱਤਰ ਬਣਾਉਣ ਵਿਚ ਕਾਮਯਾਬ ਨਹੀਂ ਹੁੰਦੇ ਤੁਹਾਡਾ ਤੌਖ਼ਲਾ ਦੂਰ ਨਹੀਂ ਹੋਵੇਗਾ । ਸਭ ਡਰ, ਸਭ ਸਹਿਮ, ਸਭ ਝੇਰੇ ਇਸ ਲਈ ਹਨ, ਕਿ ਦੂਜੀ ਧਿਰ ਦੀ ਮਿੱਤਰਤਾ ਦਾ ਯਕੀਨ ਨਹੀਂ ਹੁੰਦਾ । ਮਿੱਤਰਾਂ ਸਾਹਮਣੇ ਸਾਡੀ ਜ਼ਬਾਨ ਵੀ ਸਾਫ਼ ਤੁਰਦੀ ਹੈ, ਸਾਡਾ ਕਦਮ ਵੀ ਤਿੱਖਾ ਪੁੱਟਿਆ ਜਾਂਦਾ ਹੈ, ਸਾਨੂੰ ਅਕਲਾਂ ਵੀ ਚੰਗੀਆਂ ਸੁੱਝਦੀਆਂ ਹਨ, ਪਰ ਜਿੱਥੇ ਦੂਜੀ ਧਿਰ ਦੀ ਮਿੱਤਰਤਾ ਦਾ ਸ਼ਕ ਹੈ, ਉੱਥੇ ਹੀ ਸਾਡੀ ਜ਼ਬਾਨ ਥਿੜਕ ਜਾਂਦੀ ਹੈ ।

ਪ੍ਰਸ਼ਨ :

(*i*) ਉਪਰੋਕਤ ਪੈਰੇ ਨੂੰ ਢੁੱਕਵਾਂ ਸਿਰਲੇਖ ਦਿਓ ।

(*ii*) ਮਿੱਤਰਤਾ ਕੀ ਹੈ ?

(*iii*) ਮਿੱਤਰਤਾ ਸੰਬੰਧੀ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਕਿਸ ਤਰ੍ਹਾਂ ਦੀ ਖ਼ਿਆਲ ਕੀਤੀ ਜਾ ਸਕਦੀ ਹੈ ?

(*iv*) ਮਿੱਤਰ ਬਣਾਉਣਾ ਕਿਉਂ ਜ਼ਰੂਰੀ ਹੈ ?

(*v*) ਸ਼ੱਕ ਦੀ ਮਿੱਤਰਤਾ ਵਿਚ ਕੀ ਥਾਂ ਹੈ ?

5. ਹੇਠਾਂ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ : 10

(*i*) ਪੰਜਾਬੀ ਦੇ ਸਵਰਾਂ ਤੇ ਵਿਅੰਜਨਾਂ ਬਾਰੇ ਜਾਣਕਾਰੀ ਦਿਓ ।

(*ii*) ਪੰਜਾਬੀ ਦੀਆਂ ਉਪਭਾਸ਼ਾਵਾਂ ਨਾਲ ਜਾਣ-ਪਛਾਣ ਕਰਾਓ ।

(*iii*) ਨਾਂਵ-ਵਾਕੰਸ਼ ਦੀ ਬਣਤਰ ਸੰਬੰਧੀ ਨੋਟ ਲਿਖੋ ।

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਵਿਚ ਲਿਖੋ : 3×5=15

(*i*) 'ਲੋਕਧਾਰਾ ਅਤੇ ਸਾਹਿਤ' ਨਿਬੰਧ ਦਾ ਵਿਸ਼ਾ ਕੀ ਹੈ ?

(*ii*) 'ਸਿਨੇਮਾ ਅਤੇ ਸਟੇਜ' ਵਿਚਕਾਰ ਕਿਹੜੇ ਪ੍ਰਮੁੱਖ ਅੰਤਰ ਹਨ ?

(*iii*) 'ਵੈਦਿਕ ਅਤੇ ਅਵੈਦਿਕ ਵਿਚਾਰਧਾਰਾ' ਤੋਂ ਕੀ ਭਾਵ ਹੈ ?

(*iv*) ਕੀ 'ਪਵਿੱਤਰ ਪਾਪੀ' ਨਾਵਲ ਦਾ ਸਿਰਲੇਖ ਢੁੱਕਵਾਂ ਹੈ ?

(*v*) ਨਾਵਲ ਵਿਚ 'ਵੀਣਾ' ਦਾ ਚਰਿੱਤਰ ਕਿਸ ਤਰ੍ਹਾਂ ਦਾ ਪੇਸ਼ ਹੋਇਆ ਹੈ ?